# ਅਫ਼ਰੀਕਾ ਦੀ ਫੇਰ ਲੁੱਟ

ਹੁਣੇ ਜਿਹੇ ਮਨਮੋਹਨ ਸਿੰਘ ਅਫ਼ਰੀਕਾ ਦੇ ਦੌਰੇ ਤੋਂ ਆਇਆ ਹੈ। ਇਸ ਦੌਰਾਨ ਮਨਮੋਹਨ ਸਿੰਘ ਨੇ ਅਫ਼ਰੀਕਾ ਦੀ ਇਮਦਾਦ ਲਈ ਛੇ ਬਿਲੀਅਨ ਡਾਲਰਾਂ ਤੋਂ ਵੀ ਜ਼ਿਆਦਾ ਦੇ ਇਕ ਪੈਕੇਜ ਦਾ ਐਲਾਨ ਕੀਤਾ ਹੈ। ਮਨਮੋਹਨ ਸਿੰਘ ਨੇ ਕਿਹਾ ਕਿ ਅਫ਼ਰੀਕਾ ਦੁਨੀਆ ਦੇ ਕਈ ਮਸਲੇ ਹੱਲ ਕਰਨ ਵਿਚ ਮਦਦ ਕਰੇਗਾ। ਉਸਨੇ ਉਚੇਚੇ ਤੌਰ ਤੇ ਕਿਹਾ ਕਿ ਖ਼ੁਰਾਕ ਦੇ ਮਸਲੇ ਲਈ ਅਫ਼ਰੀਕਾ ਦੁਨੀਆ ਦੇ ਲੋਕਾਂ ਦੀ ਮਦਦ ਕਰੇਗਾ, ਇਸ ਲਈ ਹਿੰਦੁਸਤਾਨੀ ਸਰਕਾਰ ਨੇ ਇਸ ਇਮਦਾਦ ਦਾ ਫੈਸਲਾ ਕੀਤਾ ਹੈ। ਮਨਮੋਹਨ ਸਿੰਘ ਨੂੰ ਸ਼ਰਮ ਨਹੀਂ ਕਿ ਹਿੰਦੁਸਤਾਨ ਦੇ ਵਿਚ ਐਨੀ ਗਰੀਬੀ ਅਤੇ ਭੁੱਖਮਰੀ ਹੈ ਪਰ ਲੱਖਾਂ ਹੀ ਟਨ ਅਨਾਜ ਹਰ ਸਾਲ ਸਾਂਭਣ ਖੁਣੋਂ ਗਲ ਸੜ ਜਾਂਦਾ ਹੈ, ਲੱਖਾਂ ਹੀ ਕਿਸਾਨਾਂ ਨੇ ਖ਼ੁਦਕਸ਼ੀ ਕਰ ਲਈ ਹੈ, ਬੇਰੁਜ਼ਗਾਰੀ ਅਤੇ ਜਹਾਲਤ ਹਰ ਪਾਸੇ ਫੈਲੀ ਹੋਈ ਹੈ। ਜੇ ਉਹਦੀ ਸਰਕਾਰ ਇਨ੍ਹਾਂ ਮਸਲਿਆਂ ਦੇ ਹੱਲ ਬਾਰੇ ਦਿਆਨਤਦਾਰੀ ਨਾਲ ਕੋਈ ਕਦਮ ਚੁੱਕੇ ਤਾਂ ਅਫ਼ਰੀਕਾ ਵਿਚ ਵੀ ਉਹ ਗੱਲ ਕਰਦਾ ਜਚਦਾ ਹੈ। ਪਰ ਹਾਕਮ ਟੋਲੇ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਕੋਈ ਸੰਗ ਸ਼ਰਮ ਹੈ ਈ ਨਹੀਂ।

ਪਿਛਲੇ ਕੁਝ ਸਾਲਾਂ ਵਿਚ ਹਿੰਦੁਸਤਾਨੀ ਅਤੇ ਹੋਰਨਾਂ ਮੁਲਕਾਂ ਦੀਆਂ ਕੰਪਨੀਆਂ ਅਫ਼ਰੀਕਾ ਵਿਚ ਲੱਖਾਂ ਹੀ ਏਕੜ ਜ਼ਮੀਨ ਬਹੁਤ ਹੀ ਸਸਤੇ ਭਾਅ ਖੇਤੀ ਲਈ ਖ਼ਰੀਦ ਰਹੀਆਂ ਹਨ। ਇਨ੍ਹਾਂ ਕੰਪਨੀਆਂ ਦਾ ਕਹਿਣਾ ਹੈ ਕਿ ਅਮਰੀਕਾ, ਆਸਟਰੇਲੀਆ, ਕਨੇਡਾ ਅਤੇ ਹਿੰਦੁਸਤਾਨ ਵਿਚ ਖੇਤੀ ਦੀ ਲਾਗਤ ਵੱਧ ਗਈ ਹੈ ਅਤੇ ਇਹ ਐਨੀ ਲਾਹੇਵੰਦ ਨਹੀਂ ਰਹੀ ਜਿੰਨੀ ਅਫ਼ਰੀਕਾ ਵਿਚ ਹੋ ਸਕਦੀ ਹੈ। ਅਫ਼ਰੀਕਾ ਵਿਚ ਕਈ ਮੁਲਕਾਂ ਦੀਆਂ ਸਰਕਾਰਾਂ ਇਨ੍ਹਾਂ ਕੰਪਨੀਆਂ ਨੂੰ ਮੁਫ਼ਤ ਦੇ ਕਰੀਬ ਹੀ ਜ਼ਮੀਨਾਂ ਲੀਜ਼ ਤੇ ਦੇ ਰਹੀਆਂ ਹਨ ਅਤੇ ਬਿਜਲੀ, ਟੈਕਸ ਵਗੈਰਾ ਵਿਚ ਵੀ ਰਿਆਇਤਾਂ ਦੇ ਰਹੀਆਂ ਹਨ। ਇਨ੍ਹਾਂ ਮੁਲਕਾਂ ਵਿਚ ਇਹ ਕੰਪਨੀਆਂ ਮਜ਼ਦੂਰੀ ਵੀ ਬਹੁਤ ਹੀ ਘੱਟ ਦੇ ਰਹੀਆਂ ਹਨ ਕਿਉਂਕਿ ਇਸ ਬਾਰੇ ਕੋਈ ਕਰੜੇ ਕਾਨੂੰਨ ਨਹੀਂ ਅਤੇ ਵਾਤਾਵਰਣ ਬਾਰੇ ਵੀ ਇਨ੍ਹਾਂ ਨੂੰ ਕਿਸੇ ਕਰੜੇ ਕਾਨੂੰਨ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ।

ਪਿਛਲੇ ਕੁਝ ਸਾਲਾਂ ਵਿਚ ਅਨਾਜ ਅਤੇ ਹੋਰ ਖ਼ੁਰਾਕ ਦੀਆਂ ਕੀਮਤਾਂ ਦੁਨੀਆ ਭਰ ਵਿਚ ਦੁਗਣੀਆਂ ਅਤੇ ਤਿਗਣੀਆਂ ਹੋ ਗਈਆਂ ਹਨ। ਅਨਾਜ ਅਤੇ ਹੋਰ ਖ਼ੁਰਾਕ ਪੈਦਾ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਬਹੁਤ ਵੱਧ ਗਏ ਹਨ। ਇਹ ਕੰਪਨੀਆਂ ਅਫ਼ਰੀਕਾ ਵਿਚ ਆਪਣਾ ਕਾਰੋਬਾਰ ਵਧਾ ਕੇ ਆਪਣੇ ਮੁਨਾਫ਼ੇ ਹੋਰ ਵੀ ਵਧਾਉਣਾ ਚਾਹੁੰਦੀਆਂ ਹਨ ਤੇ ਇਸ ਤਰਾਂ ਅਫ਼ਰੀਕਾ ਦੇ ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸੋਮਿਆਂ ਦੀ ਲੁੱਟ ਇਕ ਬਾਰ ਫਿਰ ਬਹੁਤ ਵੱਡੇ ਪੱਧਰ ਤੇ ਹੋਣ ਜਾ ਰਹੀ ਹੈ।

ਇਸ ਲੁੱਟ ਲਈ ਆਲਮੀ ਬੈਂਕ ਨੇ ਦਸ ਬਿਲੀਅਨ ਡਾਲਰ ਦਾ ਇਕ ਫੰਡ ਵੀ ਕਾਇਮ ਕੀਤਾ ਹੈ ਅਤੇ ਅਮਰੀਕਾ ਅਤੇ ਯੂਰੋਪ ਦੀਆਂ ਵੱਡੀਆਂ ਕੰਪਨੀਆਂ ਇਕ ਬਾਰ ਫਿਰ ਅਫ਼ਰੀਕਾ ਦੀ ਲੁੱਟ ਲਈ ਲਾਰਾਂ ਸੁੱਟ ਰਹੀਆਂ ਹਨ।

ਅਫ਼ਰੀਕਾ ਦੇ ਮੁਲਕਾਂ ਨੇ ਬਹੁਤ ਕੁਰਬਾਨੀਆਂ ਨਾਲ ਬਸਤੀਵਾਦ ਦੇ ਜੂਲੇ ਤੋਂ ਮੁਕਤੀ ਹਾਸਲ ਕੀਤੀ ਸੀ। ਹੁਣ ਇਕ ਵਾਰ ਫੇਰ ਇਨ੍ਹਾਂ ਮੁਲਕਾਂ ਦੇ ਹਾਕਮ ਟੋਲੇ ਸਾਮਰਾਜ ਨਾਲ ਰਲ ਮਿਲ ਕੇ ਇਨ੍ਹਾਂ ਮੁਲਕਾਂ ਦੀ ਲੁੱਟ ਕਰ ਕਰਵਾ ਰਹੇ ਹਨ। ਇਨ੍ਹਾਂ ਮੁਲਕਾਂ ਦੀ ਲੁੱਟ ਨੂੰ ਅਫ਼ਰੀਕਾ ਦੀ ਤਰੱਕੀ ਦਾ ਨਾਂਅ ਦਿੱਤਾ ਜਾ ਰਿਹਾ ਹੈ ਜਿਵੇਂ ਪਹਿਲਾਂ ਵੀ ਬਸਤੀਵਾਦ ਆਪਣੀ ਲੁੱਟ ਨੂੰ ਜੰਗਲੀ ਲੋਕਾਂ ਨੂੰ ਤਹਿਜ਼ੀਬ ਦੇਣ ਦਾ ਮਿਸ਼ਨ ਦੱਸਦਾ ਹੁੰਦਾ ਸੀ।

ਪਰ ਇਨ੍ਹਾਂ ਦਾ ਤਾਂ ਸਿਰਫ਼ ਇਕੋ ਹੀ ਮਕਸਦ ਹੈ, ਕਿਸੇ ਵੀ ਤਰੀਕੇ ਨਾਲ ਆਪਣੇ ਮੁਨਾਫ਼ੇ ਵੱਧ ਤੋਂ ਵੱਧ ਕਰਨਾ। ਇਸ ਲਈ ਇਨ੍ਹਾਂ ਨੂੰ ਭਾਵੇ ਕੋਈ ਵੀ ਕੰਮ ਕਰਨਾ ਪਵੇ, ਝੂਠ, ਫਰੇਬ, ਬੰਦੂਕ, ਦਹਿਸ਼ਤ, ਇਨ੍ਹਾਂ ਲਈ ਸਭ ਵਾਜਬ ਹਨ। ਇਹ ਇਨ੍ਹਾਂ ਵਿਚੋਂ ਕਿਸੇ ਤੋਂ ਵੀ ਗੁਰੇਜ਼ ਨਹੀਂ ਕਰਦੇ।
ਪਰ ਅਫ਼ਰੀਕਾ ਦੇ ਲੋਕ ਇਸ ਲੁੱਟ ਦੇ ਖ਼ਿਲਾਫ਼ ਆਪਣੇ ਘੋਲ ਤੇਜ਼ ਕਰ ਰਹੇ ਹਨ। ਹਾਲ ਵਿਚ ਦੱਖਣੀ ਅਫ਼ਰੀਕਾ ਵਿਚ ਲੱਖਾਂ ਹੀ ਮਜ਼ਦੂਰਾਂ ਨੇ ਕਈ ਦਿਨਾਂ ਤੱਕ ਹੜਤਾਲ ਕੀਤੀ ਅਤੇ ਆਪਣੀਆਂ ਮੰਗਾਂ ਮੰਨਵਾ ਲਈਆਂ। ਇਸੇ ਤਰਾਂ ਹੋਰਨਾਂ ਮੁਲਕਾਂ ਵਿਚ ਇਸ ਲੁੱਟ ਦੇ ਖ਼ਿਲਾਫ਼ ਇਹ ਘੋਲ ਤਿੱਖੇ ਹੋ ਰਹੇ ਹਨ।